ਅਮਰੀਕਾ ਦੀਆਂ ਸੰਗਤਾਂ ਵਲੋਂ ਜਥੇਦਾਰ ਗੁਰਬਚਨ ਸਿੰਘ ਦੀ ਇੱਕ ਤਰਫੀ ਕਾਰਵਾਈ ਦਾ ਤਿੱਖਾ ਰੋਸ......
ਜਗਤਾਰ ਸਿੰਘ ਜਾਚਕ

ਅਮਰੀਕਾ ਦੀਆਂ ਸੰਗਤਾਂ ਵਲੋਂ ਜਥੇਦਾਰ ਗੁਰਬਚਨ ਸਿੰਘ ਦੀ ਇੱਕ ਤਰਫੀ ਕਾਰਵਾਈ ਦਾ ਤਿੱਖਾ ਰੋਸ-ਸੁਣਵਾਈ ਤੋਂ ਪਹਿਲਾਂ ਜਾਰੀ ਕੀਤੇ ਹੁਕਮਾਂ ਨੂੰ ਮੰਨਣ ਤੋਂ ਸੰਗਤਾਂ ਵਲੋਂ ਕੋਰਾ ਇਨਕਾਰ

21 nov2009 ਨਿਊਯਾਰਕ

ਕਹਿੰਦੇ ਹਨ ਕਿ ਝੂਠ ਦੀ ਚੜ੍ਹਤ ਬਹੁਤ ਹੁੰਦੀ ਹੈ ਪਰ ਝੂਠ ਦੀਆਂ ਇੰਨੀਆਂ ਕਮਜੋਰ ਹੁੰਦੀਆਂ ਹਨ ਕਿ ਝੂਠ ਨੂੰ ਕੜਾਂਹ ਕਰਕੇ ਜਾਣਨ ਵਾਲਾ ਜਦੋਂ ਮੁੜ ਕੇ ਪਰਤਦਾ ਹੈ ਤਾਂ ਝੂਠ ਮੂੰਧੇਮੂੰਹ ਡਿਗਿਆ ਨਜਰ ਆਉਂਦਾ ਹੈ।ਸਿੰਬਲ ਦੇ ਰੁਖ ਨੂੰ ਲੱਗੇ ਫੁਲਾਂ ਵਾਂਗ ਝੂਠ ਨਿਰਾ ਬਕਬਕਾ ਹੁੰਦਾ ਹੈ ਜਿਸ ਨੂੰ ਚੱਖਣ ਤੋਂ ਬਾਅਦ ਵਿਅਕਤੀ ਥੁਹ ਥੁਹ ਕਰਦਾ ਹੈ।ਇਸੇ ਤਰਾਂ ਹੀ ਨਿਊਯਾਰਕ ਵਿੱਚ ਹੋਇਆ ।ਝੂਠ ਦੇ ਫੁਲਾਂ ਦੀ ਚਮਕ ਦੇਖ ਲਕੀਰ ਦੇ ਫਕੀਰ ਕੁੱਝ ਪੰਛੀ ਉਡਾਰੀਆਂ ਮਾਰ ਕੇ ਰੁੱਖ ਤੇ ਚੜ ਤਾਂ ਗਏ ਪਰ ਸੱਚ ਕੀ ਨਿਕਲਿਆ ਕਿ ਚੂੰਝਾਂ ਵੀ ਖਰਾਬ ਕਰਵਾਈਆਂ ਅਤੇ ਮੂੰਹ ਦਾ ਸਵਾਦ ਵੀ ਖਰਾਬ ਕੀਤਾ ।ਬੀਤੇ ਦਿਨੀ ਕੁੱਝ ਕੁ ਸੱਜਣਾ ਨੇ ਸਿੱਖ ਕੌਮ ਦੇ ਮਹਾਨ ਵਿਦਵਾਨ ਪ੍ਰੋ ਦਰਸ਼ਨ ਸਿੰਘ ਸਾਬਕਾ ਜਥੇਦਾਰ ਅਕਾਲ ਤੱਖਤ ਸਾਹਿਬ ਦੇ ਪ੍ਰੋਗਰਾਮ ਦੀ ਸੀ ਡੀ ਨੂੰ ਬਹੁਤ ਘਟੀਆ ਕਿਸਮ ਦੀ ਸੋਚ ਨਾਲ ਕੱਟ ਵੱਢ ਕੇ ਇੱਕ ਟੀ ਵੀ ਤੋਂ ਦਿਖਾ ਦਿੱਤਾ।ਜਿਸ ਢੰਗ ਨਾਲ ਸੀ ਡੀ ਦੀ ਕੱਟ ਵੱਢ ਕੀਤੀ ਕਿ ਹਰ ਸਿੱਖ ਦਾ ਹਿਰਦਾ ਵਲੂੰਧਰਿਆ ਗਿਆ।ਪਰ ਸੱਚ ਨੂੰ ਕਿਸੇ ਵੀ ਪਰਦੇ ਵਿੱਚ ਲੁਕਾਇਆ ਨਹੀਂ ਜਾ ਸਕਦਾ।ਸਿੱਖ ਸੰਗਤਾਂ ਦੇ ਜੋਰ ਪਾਉਣ ਦੇ ਬਾਵਯੂਦ ਵੀ ਪੂਰੀ ਸੀ ਡੀ ਟੀ ਵੀ ਤੇ ਨਾ ਦਿਖਾਈ ਗਈ ਅਤੇ ਨਾ ਹੀ ਉਹ ਲੋਕ ਜਿਹੜੇ ਪ੍ਰੋ ਦਰਸ਼ਨ ਸਿੰਘ ਦਾ ਵਿਰੋਧ ਕਰਦੇ ਸਨ ਸੀ ਡੀ ਦੇਖ ਸਕੇ ਅਤੇ ਨਾ ਹੀ ਦਿਖਾ ਸਕੇ।ਹੈਰਾਨੀ ਉਸ ਸਮੇਂ ਹੋਈ ਜਦੋਂ ਅਕਾਲ ਤੱਖਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਨੇ ਇੱਕ ਤਰਫੀ ਕਾਰਵਾਈ ਕਰਦਿਆਂ –ਬਿਨਾਂ ਕਿਸੇ ਕੇਸ ਦੀ ਸੁਣਵਾਈ ਕੀਤਿਆਂ ਪ੍ਰੋ ਦਰਸ਼ਨ ਸਿੰਘ ਦੇ ਵਿਰੁੱਧ ਸਿੱਖ ਸੰਗਤ ਨੂੰ ਆਦੇਸ਼ ਕਰ ਦਿੱਤਾ ਕਿ ਉਹ ਪ੍ਰੋ ਦਰਸ਼ਨ ਸਿੰਘ ਦੇ ਪ੍ਰੋਗਰਾਮਾਂ ਦੀ ਪਾਬੰਦੀ ਕਰਨ ।ਅਕਾਲ ਤੱਖਤ ਸਾਹਿਬ ਜੀ ਦੀ ਪਵਿਤਰ ਪਰੰਪਰਾ ਨੂੰ ਛਿੱਕੇ ਟੰਗ ਕੇ ਕੀਤੀ ਗਈ ਕਾਰਵਾਈ ਦਾ ਸਿੱਖ ਸੰਗਤਾਂ ਵਿੱਚ ਇੰਨ੍ਹਾਂ ਰੋਹ ਫੈਲ ਗਿਆ ਹੈ ਸਿੱਖ ਸੰਗਤਾਂ ਨੇ ਖੁਲੇ ਤੌਰ ਤੇ ਐਲਾਨ ਕਰ ਦਿੱਤਾ ਹੈ ਕਿ ਉਹ ਪ੍ਰੋ ਦਰਸ਼ਨ ਸਿੰਘ ਦੇ ਪ੍ਰੋਗ੍ਰਾਮ ਕਰਵਾਉਣਗੇ ਅਤੇ ਉਨ੍ਹਾਂ ਦਾ ਸਨਮਾਨ ਵੀ ਕਰਨਗੇ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਕੀਤੀ ਗਈ ਇੱਕ ਤਰਫਾ ਕਾਰਵਾਈ ਦੇ ਵਿਰੁੱਧ ਬਾਬਾ ਬੰਦਾ ਸਿੰਘ ਬਹਾਦਰ ਇੰਟ ਸਿੱਖ ਸੁਸਾਇਟੀ ਵਲੋਂ ਗੁਰਦਵਾਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਖੁਲੀ ਮੀਟਿੰਗ ਸੱਦੀ ਗਈ।ਮੀਟਿੰਗ ਨੂੰ ਇੰਨ੍ਹਾਂ ਭਰਵਾ ਹੁੰਗਾਰਾ ਮਿਲਿਆ ਕਿ ਸਾਰਾ ਹਾਲ ਖਚਾ ਖੱਚ ਭਰ ਗਿਆ ਸੀ।ਸੰਗਤਾਂ ਨੂੰ ਰੋਚੈਸਟਰ ਗੁਰੂ ਘਰ ਵਿੱਚ ਪ੍ਰੋਫੈਸਰ ਵਲੋਂ ਕੀਤੇ ਗਏ ਪ੍ਰੋਗਰਾਮ ਦੀ ਪੂਰੀ ਵੀਡੀਉ ਦਿਖਾਈ ਗਈ ।ਇਸ ਤੋਂ ਪਹਿਲਾਂ ਉਹ ਵੀਡੀਉ ਵੀ ਦਿਖਾਈ ਗਈ ਜਿਸ ਵਿੱਚ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਸਵਿੰਦਰ ਸਿੰਘ ਸੈਕਰਾਮੈਂਟੋਂ ਵਿਖੇ ਦਸਮ ਗ੍ਰੰਥ ਸਬੰਧੀ ਗੱਲ ਕਰਦੇ ਕਹਿ ਰਹੇ ਹਨ ਕਿ ਅਨੂਪ ਕੌਰ ਨੇ ਗੁਰੂ ਗੋਬਿੰਦ ਸਿੰਘ ਨੂੰ ਕਿਹਾ ਕਿ “ਬਹੁਤਾ ਸੂਰਮਾ ਕਹਾਉਨਾਂ ਤਾਂ ਉਹਦੀ ਲੱਤ ਹੇਠੋਂ ਲੰਘ ਜਾ”।ਵੀਡੀਉ ਨੂੰ ਦੇਖ ਕੇ ਸੰਗਤ ਨੂੰ ਉਨ੍ਹਾਂ ਵਿਅਕਤੀ ਦੀ ਜਲਾਲਤ ਦਾ ਪਤਾ ਲੱਗ ਗਿਆ ਜਿੰਨ੍ਹਾਂ ਨੇ ਕਿਸੇ ਲਾਲਚ ਵਸ ਹੋ ਕੇ ਪ੍ਰੋ ਦਰਸ਼ਨ ਸਿੰਘ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਉਹ ਟੀ ਵੀ ਤੋਂ ਦਸਮ ਗ੍ਰੰਥ ਨੂੰ ਉੱਚਾ ਚੁੱਕ ਚੁੱਕ ਕੇ ਬਿਨਾਂ ਪ੍ਰੋਫੈਸਰ ਨੂੰ ਸੁਣਿਆ ਵਾਰ ਵਾਰ ਸਵਾਲ ਕਰ ਰਹੇ ਸਨ ਰਾਜਾ ਕੌਣ ਸੀ-ਗੱਲ ਕਿਸੇ ਹੋਰ ਦੀ ਹੈ-ਵੇਸਵਾ ਲਫਜ ਕਿਥੇ ਹੈ-ਭੜੂਆ ਲਫਜ ਕਿੱਥੇ ਹੈ-ਇਸ ਸਭ ਕੁੱਝ ਦਾ ਉਤਰ ਇਹ ਵੀਡੀਊ ਪੂਰੀ ਦੇਖ ਕੇ ਸੰਗਤ ਨੂੰ ਮਿਲ ਗਿਆ।ਸਾਰੀ ਵੀਡੀਉ ਦੇਖ ਕੇ ਸੰਗਤ ਨੂੰ ਸੱਚ ਦਾ ਪਤਾ ਲੱਗ ਗਿਆ।ਸਵਾਦਲੀ ਗੱਲ ਇਹ ਸੀ ਕਿ ਕੁੱਝ ਦਿਨ ਪਹਿਲਾਂ ਜਦੋਂ ਪ੍ਰੋਫੈਸਰ ਦਰਸ਼ਨ ਸਿੰਘ ਦੇ ਵਿਰੋਧ ਵਿੱਚ ਕੁਝ ਲੋਕਾਂ ਨੇ ਮੀਟਿੰਗ ਸੱਦੀ ਸੀ ਤਾਂ ਉਥੇ ਵੀ ਪ੍ਰੋਫੈਸਰ ਦੇ ਹਮਾਇਤੀ ਵੱਡੀ ਗਿਣਤੀ ਵਿੱਚ ਪਹੁੰਚੇ ਸਨ।ਉਸ ਦਿਨ ਵੀ ਪੂਰੀ ਵੀਡੀਉ ਦਿਖਾਉਣ ਦੀ ਸੰਗਤ ਨੇ ਬੇਨਤੀ ਕੀਤੀ ਸੀ ਪਰ ਉਸ ਮੌਕੇ ਤੇ ਸਟੇਜ ਦਾ ਸੰਚਾਲਨ ਕਰਨ ਵਾਲਿਆਂ ਅਤੇ ਪ੍ਰੋਗਰਾਮ ਨੂੰ ਉਲੀਕਣ ਵਾਲਿਆਂ ਨੇ ਸੰਗਤ ਦੀ ਇਸ ਬੇਨਤੀ ਨੂੰ ਪਰਵਾਨ ਨਹੀਂ ਸੀ ਕੀਤਾ।ਪਰ ਇਸ ਮੀਟਿੰਗ ਵਿੱਚ ਵੀਡੀਉ ਦੇ ਕਲਿਪ ਦੇਖ ਕੇ ਗੁੰਮਰਾਹ ਹੋਏ ਹੋਏ ਲੋਕ ਸੱਚ ਨੂੰ ਦੇਖਣ ਦੀ ਜੁਅਰਤ ਨਾ ਰੱਖਦੇ ਹੋਏ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ।ਪਰ ਇਹ ਜਿਕਰਯੋਗ ਹੈ ਕਿ ਕੁਝ ਉਹ ਵਿਅਕਤੀ ਜਿਹੜੇ ਕੁੱਝ ਦਿਨ ਪਹਿਲਾਂ ਪ੍ਰੋ ਦਰਸ਼ਨ ਸਿੰਘ ਦੇ ਵਿਰੁੱਧ ਬੋਲੇ ਸਨ ਉਹ ਪੂਰੀ ਵੀਡੀਉ ਦੇਖ ਕੇ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਵਧਾਈ ਦੇ ਰਹੇ ਸਨ ਅਤੇ ਪ੍ਰੋ. ਦਰਸ਼ਨ ਸਿੰਘ ਦਾ

ਸਾਥ ਦੇਣ ਦੀ ਅਪੀਲ ਕਰ ਰਹੇ ਸਨ।ਵਾਰ ਵਾਰ ਜੈਕਾਰਿਆਂ ਨਾਲ ਗੁਰੂ ਘਰ ਦਾ ਹਾਲ ਗੂੰਜਦਾ ਰਿਹਾ।
ਸਾਰੇ ਬੁਲਾਰਿਆਂ ਨੇ ਅਕਾਲ ਤੱਖਤ ਸਾਹਿਬ ਤੋਂ ਹੋਈ ਇੱਕ ਤਰਫੀ ਕਾਰਵਾਈ ਦੀ ਪੁਰਜੋਰ ਨਿਖੇਧੀ ਕੀਤੀ। ਅਕਾਲ ਤੱਖਤ ਸਾਹਿਬ ਦੀ ਮਰਿਯਾਦਾ ਦਾ ਸਤਿਕਾਰ ਕਰਦਿਆਂ ਸਾਰਿਆਂ ਨੂੰ ਅਕਾਲ ਤੱਖਤ ਸਾਹਿਬ ਨੂੰ ਤਾਂ ਸੀਸ ਨਿਵਾਉਣ ਦੀ ਗੱਲ ਕਹੀ ਪਰ ਜਿਸ ਢੰਗ ਨਾਲ ਸਿੰਘ ਸਾਹਿਬ ਪ੍ਰੋ ਦਰਸ਼ਨ ਸਿੰਘ ਵਿਰੁਧ ਕਾਰਵਾਈ ਕੀਤੀ ਗਈ ਹੈ ਉਸ ਨੂੰ ਮੰਨਣ ਤੋਂ ਇਨਕਾਰ ਕੀਤਾ ਗਿਆ ਹੈ।ਸਮੂਹ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਪ੍ਰੋ ਦਰਸ਼ਨ ਸਿੰਘ ਦੇ ਪ੍ਰੋਗਰਾਮ ਵੱਧ ਤੋਂ ਵੱਧ ਕਰਵਾਏ ਜਾਣ ਅਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ ਜਾਵੇ।ਭਾਈ ਗੁਰਬਚਨ ਸਿੰਘ ਨੇ ਤਾਂ ਇਥੋਂ ਤੱਕ ਕਿਹਾ ਕਿ ਦਸਮ ਗ੍ਰੰਥ ਦਾ ਮੁੱਦਾ ਇਕ ਨਸੂਰ ਸੀ ਜਿਸ ਦੀ ਜੜ ਪੁਟਣੀ ਜਰੂਰੀ ਸੀ।ਉਨ੍ਹਾਂ ਨੇ ਕਿਹਾ ਦਸਮ ਗ੍ਰੰਥ ਦਾ ਮੁੱਦਾ ਕਈ ਸੋ ਸਾਲ ਪਹਿਲਾ ਵੀ ਹੱਲ ਹੋ ਜਾਣਾ ਸੀ ਪਰ ਜਦੋਂ ਖਾਲਸੇ ਨੇ ਇਸ ਸਬੰਧੀ ਵਿਚਾਰ ਸ਼ੁਰੂ ਕੀਤੀ ਸੀ ਤਾਂ ਉਸ ਸਮੇ ਇੱਕ ਘਟਨਾ ਵਾਪਰ ਗਈ ਸੀ।ਜਿਸ ਕਰਕੇ ਉਸ ਸਮੇਂ ਮੁੱਦਾ ਵਿਚਾਰੇ ਜਾਣ ਵਿੱਚ ਖੜੋਤ ਆ ਗਈ ਸੀ,ਸਰਦਾਰ ਹਿੰਮਤ ਸਿੰਘ ਪਰਧਾਨ ਬਾਬਾ ਮੱਖਣਸ਼ਾਹ ਲੁਬਾਣਾ ਸਿੱਖ ਸੈਂਟਰ ਨੇ ਕਿਹਾ ਕਿ ਪ੍ਰੋਫੈਸਰ ਸਾਹਿਬ ਬਹੁਤ ਹੀ ਸਤਿਕਾਰਤ ਹਨ ਇਸ ਕਰਕੇ ਸਾਨੂੰ ਸਭ ਨੂੰ ਰਲ ਮਿਲ ਬੈਠ ਕੇ ਗੱਲ ਕਰ ਲੈਣੀ ਚਾਹੀਦੀ ਹੈ ਕਿਉਂ ਕਿ ਅਸੀਂ ਸਭ ਨੇ ਇਕਠੇ ਹੀ ਰਹਿਣਾ ਹੈ ।ਕਈ ਬੁਲਾਰਿਆ ਨੇ ਕਿਹਾ ਕਿ ਅਗਰ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਵਧਾਉਦਿਆਂ ਨੂੰ ਗੱਲਤ ਕਿਹਾ ਜਾ ਸਕਦਾ ਹੈ ਅਤੇ ਜਵਾਬ ਤੱਲਬੀ ਕੀਤੀ ਜਾਦੀ ਹੈ ਤਾਂ ਉਨ੍ਹਾਂ ਲੋਕਾਂ ਨੂੰ ਅਕਾਲ ਤੱਖਤ ਤੇ ਕਿਉਂ ਨਹੀਂ ਸੱਦਿਆ ਜਾਂਦਾ ਜਿੰਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦਾ ਸਬੰਧ ਅਸ਼ਲੀਲ ਬਾਣੀ ਨਾਲ ਜੋੜਿਆ ਹੈ ਅਤੇ ਇੱਕ ਔਰਤ ਨੂੰ ਸਤਿਗੁਰੂ ਨੂੰ ਲੱਤ ਹੇਠੋਂ ਲੰਘਣ ਲਈ ਕਹਿੰਦਿਆਂ ਦੱਸਿਆ ਹੈ।

ਇਸ ਮੌਕੇ ਤੇ 9 ਮਤੇ ਪਾਸ ਕੀਤੇ ।ਇੰਨ੍ਹਾ ਮਤਿਆਂ ਨੂੰ ਸਟੇਜ ਤੋਂ ਭਾਈ ਰਜਿੰਦਰ ਸਿੰਘ ਨੇ ਪੜ ਕੇ ਸੁਣਾਇਆ ।ਇੱਕ ਇੱਕ ਮਤੇ ਨੂੰ ਸੰਗਤ ਨੇ ਜੋਸ਼ ਭਰੇ ਜੈਕਾਰਿਆਂ ਨਾਲ ਪਰਵਾਨਗੀ ਦਿੱਤੀ।ਜਿਹੜੇ ਮਤੇ ਪਾਸ ਕੀਤੇ ਗਏ ਉਹ ਇਸ ਪਰਕਾਰ ਹਨ- ਅੱਜ ਮਿਤੀ 21 ਨਵੰਬਰ 2009 ਸ਼ਨੀਵਾਰ ਨੂੰ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਰਿਚਮੰਡ ਨਿਊਯਾਰਕ ਵਿਖੇ ਅਜੋਕੀ ਪੰਥਕ ਸਥਿਤੀ ਤੇ ਦਸਮ ਗ੍ਰੰਥ ਵਿਵਾਦ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਈਸਟ ਕੋਸਟ ਦੀਆਂ ਸਿੱਖ ਜਥੇਬੰਦੀਆਂ ਦੀ ਹੋਈ ਵਿਸ਼ੇਸ਼ ਇਕੱਤਰਤਾ ਵਿਖੇ ਹੇਠ ਲਿਖੇ ਮਤੇ ਪ੍ਰਵਾਨ ਕੀਤੇ ਗਏ ।

ਮਤਾ ਨੰ: 1 -ਅੱਜ ਦੀ ਸਭਾ ਜੱਸ ਪੰਜਾਬੀ ਟੀਵੀ ਨਿਊਯਾਰਕ ਦੁਆਰਾ ਗੁਰਚਰਨਜੀਤ ਸਿੰਘ ਲਾਂਬੇ, ਰਵਿੰਦਰ ਸਿੰਘ ਭੰਮਰੇ ਤੇ ਹਰਵਿੰਦਰ ਰਿਆੜ ਦੀ ਤ੍ਰਿਗੜੀ ਦੁਆਰਾ ਕੀਤੇ ਜਾਣ ਵਾਲੇ ਦਸਮ ਗ੍ਰੰਥੀ, ਬਿਪਰਵਾਦੀ, ਸਿੱਖ ਰਹਿਤ ਮਰਯਾਦਾ ਦੇ ਵਿਪਰੀਤ ਅਤੇ ਸਿੱਖ ਭਾਈਚਾਰੇ ਵਿੱਚ ਫੁੱਟ ਪਉਣ ਵਾਲੇ ਕੂੜੇ ਤੇ ਭੜਕਾਊ ਪ੍ਰਚਾਰ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਕਰਦੀ ਹੋਈ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਪ੍ਰੋ: ਦਰਸ਼ਨ ਸਿੰਘ ਜੀ ਵਲੋਂ ਨਿਊਯਾਰਕ ਸਟੇਟ ਦੇ ਗੁਰਦੁਆਰਾ ਰੋਚੈਸਟਰ ਵਿਖੇ ਕੀਤੇ ਕੀਰਤਨ ਵਖਿਆਨ ਦੀ ਰੀਕਾਰਡਿੰਗ ਨੂੰ ਗੁਰਚਰਨਜੀਤ ਸਿੰਘ ਲਾਂਬੇ ਵਲੋਂ ਤੋੜ-ਮਰੋੜ ਕੇ ਪੇਸ਼ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ । ਕਿਉਂਕਿ, ਰੀਕਾਰਡਿੰਗ ਦੀ ਅਸਲੀ ਤੇ ਸਪੂੰਰਨ ਸੀ ਡੀ ਨੂੰ ਸੁਣਨ ਉਪਰੰਤ ਸਭਾ ਇਸ ਨਤੀਜੇ ਤੇ ਪਹੁੰਚੀ ਹੈ ਕਿ ਪ੍ਰੋ: ਸਾਹਿਬ ਜੀ ਨੇ ਬਚਿਤਰ ਨਾਟਕ (ਦਸਮ ਗ੍ਰੰਥ) ਦੇ ਰੂਪ ਵਿੱਚ ਰਚੀ ਬਿਪਰਵਾਦ ਦੀ ਉਸ ਸਾਜਿਸ਼ ਨੂੰ ਨੰਗਾ ਕੀਤਾ ਹੈ, ਜਿਸ ਦੁਆਰਾ ਚਲਾਕ ਬਿਪਰ ਨੇ ਗੁਰਮਤਿ ਸਿਧਾਂਤਾਂ ਨੂੰ ਵਿਗਾੜ ਕੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਚੇ ਸੁੱਚੇ ਆਚਰਣ ਨੂੰ ਕਲੰਕਤ ਕਰਕੇ ਸਿੱਖੀ ਦੇ ਵਿਕਾਸ ਨੂੰ ਰੋਕਣ ਦਾ ਯਤਨ ਕੀਤਾ ਹੈ । ਪ੍ਰੋ: ਸਾਹਿਬ ਵਲੋਂ ਚਰਿਤਰੋਪਖਿਯਾਨ ਦੀਆਂ ਕਹਾਣੀਆਂ 'ਤੇ ਕੀਤੀਆਂ ਟਿਪਣੀਆਂ ਦਾ ਮਨੋਰਥ ਗੁਰੂ ਸਾਹਿਬ ਦਾ ਅਪਮਾਨ ਕਰਨਾ ਨਹੀ , ਸਗੋਂ ਅਸਲੀਅਤ ਤੋਂ ਜਾਣੂ ਕਰਾ ਕੇ ਸਤਿਗੁਰਾਂ ਦੇ ਸਤਿਕਾਰ ਨੂੰ ਬਹਾਲ ਕਰਨਾ ਹੈ । ਕਿਉਂਕਿ, ਦਸਮ ਗ੍ਰੰਥ ਦੇ ਅੱਖਰ ਅੱਖਰ ਨੂੰ ਗੁਰੂ ਕ੍ਰਿਤ ਮੰਨਣ ਵਾਲਿਆਂ ਨੂੰ ਉਨ੍ਹਾਂ ਨੇ ਬਾਰ ਬਾਰ ਪੁੱਛਿਆ ਹੈ ਕਿ ਦੱਸੋ ! ਅਜਿਹੀਆਂ ਅਸ਼ਲੀਲ ਤੇ ਗੁਰੂ ਸਾਹਿਬਾਂ ਤੇ ਚਿੱਕੜ ਉਛਾਲਣ ਵਾਲੀਆਂ ਰਚਨਾਵਾਂ ਨੂੰ ਦਸਮ ਗੁਰੂ ਦੀ ਬਾਣੀ ਮੰਨਿਆਂ ਜਾ ਸਕਦਾ ਹੈ ?

ਮਤਾ ਨੰ: 2 –ਅੱਜ ਦੀ ਸਭਾ ਮਹਿਸੂਸ ਕਰਦੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਵਲੋਂ ਲਾਂਬੇ ਵਾਲੀ ਬਿਪਰਵਾਦੀ ਡੇਰੇਦਾਰ ਲਾਬੀ ਦੀ ਸਾਜਿਸ਼ ਦਾ ਸ਼ਿਕਾਰ ਹੋ ਕੇ ਗਵਾਰੂ ਭਾਸ਼ਾ ਦੀ ਵਰਤੋਂ ਕਰਦਿਆਂ ਪ੍ਰੋ ਦਰਸ਼ਨ ਸਿੰਘ ਜੀ ਨੂੰ ਸਪਸ਼ਟੀਕਰਣ ਕਰਨ ਲਈ ਬਲਾਉਣਾ ਅਤੇ ਫਿਰ ਨਾਲ ਹੀ ਸਪਸ਼ਟੀਕਰਣ ਸੁਣਨ ਤੋਂ ਪਹਿਲਾਂ ਉਨ੍ਹਾਂ ਦੇ ਕੀਰਤਨ ਵਖਿਆਨ ਤੇ ਪਾਬੰਦੀ ਲਉਣਾ, ਸ੍ਰੀ ਅਕਾਲ ਤਖ਼ਤ ਦੇ ਸਮਦ੍ਰਿਸ਼ਟ ਤੇ ਨਿਰਪੱਖੀ ਨਿਯਮਾਂ ਦੇ ਬਿਲਕੁਲ ਉਲਟ, ਇੱਕਪਾਸੜ, ਪੱਖਪਾਤੀ ਤੇ ਰਾਜਨੀਤਕ ਦਬਾਵ ਹੇਠ ਕੀਤੀ ਗਈ ਕਾਰਵਾਈ ਹੈ । ਕਿਉਂਕਿ, ਨਿਊਯਾਰਕ ਦੀ ਪ੍ਰਮੁਖ ਸਿੱਖ ਸੰਸਥਾ 'ਸਿੱਖ ਕਲਚਰ ਸੁਸਾਇਟੀ' ਦੇ

ਪ੍ਰਧਾਨ ਭਾਈ ਟਹਿਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਨਿਊਯਾਰਕ ਵਿਖੇ ਅਤੇ ਕੀਰਤਨ ਸੀ ਡੀ ਰੀਕਾਰਡਿੰਗ ਕਰਨ ਵਾਲੇ ਰੋਚੈਸਟਰ ਦੇ ਸ੍ਰ: ਮਖਣ ਸਿੰਘ ਵਲੋਂ ਵਿਸ਼ੰਗਟਨ ਡੀਸੀ ਵਿਖੇ ਗਿ: ਗੁਰਬਚਨ ਸਿੰਘ ਜੀ ਨੂੰ ਮਿਲ ਕੇ ਲਾਂਬੇ ਦੀ ਲਾਂਬੂਮਈ ਸਾਜਿਸ਼ ਤੋਂ ਭਲੀਭਾਂਤ ਜਾਣੂ ਕਰਵਾ ਦਿੱਤਾ ਸੀ। ਪਰ, ਇਸ ਦੇ ਬਾਵਜੂਦ ਵੀ ਉਨ੍ਹਾਂ ਨੇ ਉਸ ਸਬੰਧੀ ਕੋਈ ਨੋਟਿਸ ਨਹੀ ਲਿਆ।

ਮਤਾ ਨੰ: 3 – ਅੱਜ ਦੀ ਸਭਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਸਿਖ ਸੰਸਥਾਵਾਂ ਨੂੰ ਪ੍ਰੋ: ਸਾਹਿਬ ਜੀ ਨੂੰ ਸਮਾਗਮਾਂ 'ਤੇ ਬਲਾਉਣ ਕਾਰਣ ਉਨ੍ਹਾਂ ਦੇ ਸਰੀਰਕ ਨੁਕਸਾਨ ਹੋਣ ਲਈ ਜ਼ਿਮੇਵਾਰ ਹੋਣ ਦੀ ਦਿੱਤੀ ਗਿਦੜ ਧਮਕੀ ਅਤੇ ਉਸ ਦੇ ਹੰਕਾਰ ਭਰੇ ਬਿਆਨ ਦੀ ਕਰੜੀ ਅਲੋਚਨਾ ਕਰਦੀ ਹੈ, ਜਿਸ ਦੁਆਰਾ ਉਨ੍ਹਾਂ ਨੇ ਪੰਥ ਦੀ ਸਤਿਕਾਰਤ ਹਸਤੀ ਪ੍ਰੋ: ਦਰਸ਼ਨ ਸਿੰਘ ਦੀਆਂ ਕੀਤੀਆਂ ਪੰਥਕ ਸੇਵਾਵਾਂ ਨੂੰ ਅੱਖੋਂ ਉਹਲੇ ਕਰਦਿਆਂ ਇਹ ਕਿਹਾ ਹੈ ਕਿ ਪ੍ਰੋ: ਜੀ ਨੂੰ "ਸਿੱਖ ਅਖਵਾਉਣ ਦਾ ਕੋਈ ਹੱਕ ਨਹੀ ਅਤੇ ਉਨ੍ਹਾਂ ਨੂੰ ਪੰਥ ਵਿਚੋਂ ਛੇਕ ਦੇਣਾ ਚਾਹੀਦਾ ਹੈ"। ਅਸੀਂ ਦੇਸ਼ ਵਿਦੇਸ਼ ਦੀਆਂ ਸਮੂਹ ਸਿੱਖ ਸੰਸਥਾਵਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪ੍ਰੋ: ਸਾਹਿਬ ਜੀ ਨੂੰ ਗੁਰਮਤਿ ਸਮਾਗਮਾਂ 'ਤੇ ਬੁਲਾ ਕੇ ਅਤੇ ਵਿਸ਼ੇਸ਼ ਸਨਮਾਨ ਕਰਕੇ ਬਿਪਰਵਾਦੀ ਸ਼ਕਤੀਆਂ ਨੂੰ ਮੂੰਹ ਤੋੜਵਾਂ ਜਵਾਬ ਦੇਣ।

ਮਤਾ ਨੰ: 4 – ਅੱਜ ਦੀ ਸਭਾ ਪ੍ਰੋ: ਸਾਹਿਬ ਜੀ ਨੂੰ ਬੇਨਤੀ ਕਰਦੀ ਹੈ ਕਿ ਉਹ 5 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦੇਣ ਦੇ ਫੈਸਲੇ ਤੇ ਦ੍ਰਿੜ ਰਹਿਣ ਅਤੇ ਨਿਸ਼ਚਾ ਰੱਖਣ ਕਿ ਅਸੀਂ ਸਾਰੇ ਉਹਨਾਂ ਦੇ ਸਾਥ ਹਾਂ। ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਹੁਰਾਂ ਨੂੰ ਆਦਰ ਸਹਿਤ ਸੁਚੇਤ ਕਰਦੇ ਹਾਂ ਕਿ ਜੇਕਰ ਰਾਜਸੀ ਅਤੇ ਆਰਐਸਐਸ ਦੇ ਡੇਰੇਦਾਰ ਏਜੰਟਾਂ ਦੇ ਦਬਾਵ ਹੇਠ ਪ੍ਰੋ: ਸਾਹਿਬ ਜੀ ਪੰਥ ਵਿਚੋਂ ਛੇਕਣ ਵਾਲੀ ਬਿਪਰਵਾਦੀ ਕੋਝੀ ਕਾਰਵਾਈ ਕੀਤੀ ਤਾਂ ਅਸੀਂ ਉਸ ਨੂੰ ਕਿਸੇ ਵੀ ਕੀਮਤ ਤੇ ਪ੍ਰਵਾਨ ਨਹੀ ਕਰਾਂਗੇ।

ਮਤਾ ਨੰ – 5-ਅਗਰ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਕੋਈ ਜਾਨੀ ਨੁਕਸਾਨ ਕੀਤਾ ਗਿਆ ਤਾਂ ਇਸ ਦੇ ਜਿੰਮੇਵਾਰ ਸ਼ਰੋਮਣੀ ਕਮੇਟੀ ਅਤੇ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਸਾਹਿਬ ਹੋਣਗੇ।

ਮਤਾ ਨੰ-6-ਵਿਦੇਸ਼ੀ ਸੰਗਤ ਇਹ ਵੀ ਮੰਗ ਕਰਦੀ ਹੈ ਕਿ ਗੁਰਮਤਿ ਦੇ ਫੈਸਲੇ ਸਿਰਫ ਤੇ ਸਿਰਫ ਅਕਾਲ ਤੱਖਤ ਸਾਹਿਬ ਦੀ ਮਰਿਯਾਦਾ ਨੂੰ ਸਮਰਪਤਿ ਲੋਕ ਹੀ ਕਰ ਸਕਦੇ ਹਨ।

ਮਤਾ-7 –ਵਿਦੇਸ਼ ਦੀਆਂ ਸੰਗਤਾਂ ਪੁਰਜੋਰ ਮੰਗ ਕਰਦੀਆਂ ਹਨ ਕਿ ਜਿਥੇ ਅਕਾਲ ਤੱਖਤ ਸਾਹਿਬ ਤੇ ਪ੍ਰੋਫੈਸਰ ਦਰਸ਼ਨ ਸਿੰਘ ਜੀ ਦੀ ਜਵਾਬ ਤਲਬੀ ਕੀਤੀ ਗਈ ਹੈ ਉਥੇ ਗੁਰਚਰਨ ਜੀਤ ਸਿੰਘ ਲਾਂਬਾ ,ਹਰਵਿੰਦਰ ਸਿੰਘ ਰਿਆੜ ਅਤੇ ਰਵਿੰਦਰ ਸਿੰਘ ਭੰਵਰਾ ਦੀ ਜਵਾਬ ਤਲਬੀ ਕੀਤੀ ਜਾਵੇ ਜਿੰਨ੍ਹਾਂ ਨੇ ਇਸ ਮਸਲੇ ਦੀ ਅਸਲੀਅਤ ਨੂੰ ਤਰੋੜ ਮਰੋੜ ਕੇ ਟੀ ਵੀ ਰਾਹੀ ਪੇਸ਼ ਕਰਕੇ ਸਿੱਖ ਸੰਗਤ ਦੇ ਹਿਰਦੇ ਵਲੂੰਧਰੇ ਹਨ।

ਮਤਾ 8- ਸੈਕਰਾਮੈਂਟੋ ਕੈਲੇਫੌਰਨੀਆਂ ਵਿੱਚ ਗਿਆਨੀ ਸਵਿੰਦਰ ਸਿੰਘ ਵਲੋਂ ਗੁਰੂਗੋਬਿੰਦ ਸਿੰਘ ਨੂੰ ਨੂਪ ਕੁਅਰਿ ਵਲੋਂ ਲੱਤ ਹੇਠੋਂ ਲੰਘਣ ਦੀ ਗੱਲ ਕਹਿਣ ਕਰਕੇ ਅਕਾਲ ਤੱਖਤ ਸਾਹਿਬ ਤੇ ਸੱਦਿਆ ਜਾਵੇ।

ਮਤਾ 9-ਨਿਤ ਨੇਮ ਦੀਆ ਅਤੇ ਗੁਰਮਤਿ ਦੀ ਕਸੌਟੀ ਤੇ ਪੂਰੀਆਂ ਉਤਰਦੀਆਂ ਹੋਰ ਬਾਣੀਆਂ ਜੋ ਬੱਚਿਤਰ ਨਾਟਕ (ਦਸਮ ਗ੍ਰੰਥ) ਵਿੱਚ ਸ਼ਾਮਲ ਹਨ ਨੂੰ ਮੰਨਣ ਤੋਂ ਕੋਈ ਵੀ ਸਿੱਖ ਇਨਕਾਰੀ ਨਾ ਹੋਵੇ।

ਇਸ ਮੌਕੇ ਤੇ ਜਿੰਨ੍ਹਾਂ ਨੇ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ ਉਨਾਂ ਵਿੱਚ ਟਹਿਲ ਸਿੰਘ-ਕੁਲਦੀਪ ਸਿੰਘ-ਹਰਬੰਸ ਸਿੰਘ-ਸਰਜੀਤ ਸਿੰਘ ਕੁਲਾਰ-ਧਰਮ ਸਿੰਘ ਫਿਲਾਡੇਲਫੀਆ-ਸਰਵਣ ਸਿੰਘ-ਪਰਮਜੀਤ ਸਿੰਘ ਬੇਗੋਵਾਲ-ਸਤਨਾਮ ਸਿੰਘ ਧਾਮੀ-ਨਰਿੰਦਰ ਸਿੰਘ-ਜਸਮਿੱਤਰ ਸਿੰਘ-ਬੂਟਾ ਸਿੰਘ ਖੜੌਦ-ਕਾਰਜ ਸਿੰਘ-ਜਸਵੰਤ ਸਿੰਘ-ਜਗਤਾਰ ਸਿੰਘ ਜਾਚਕ-ਭਾਈ ਸੱਜਣ ਸਿੰਘ-ਗੁਰਚਰਨ ਸਿੰਘ-ਮੱਖਣ ਸਿੰਘ-ਦਲਜੀਤ ਸਿੰਘ-ਹਿੰਮਤ ਸਿੰਘ ਸਰਪੰਚ-ਹਰਭਜਨ ਸਿੰਘ ਗਰੇਵਾਲ-ਰਜਿੰਦਰ ਸਿੰਘ ਸ਼ਾਮਲ ਸਨ।ਰੋਚੈਸਟਰ ਗੁਰੂ ਘਰ ਜਿਥੇ ਇਹ ਵੀਡੀਉ ਬਣੀ ਸੀ ਉਸ ਗੁਰੂ ਘਰ ਤੋਂ ਮੱਖਣ ਸਿੰਘ ਵਿਸ਼ੇਸ਼ ਤੌਰ ਤੇ ਆਏ।ਉਨ੍ਹਾਂ ਨੇ ਦੱਸਿਆ ਕਿ ਕਿਸ ਤਰਾਂ ਲਾਂਬੇ ਨੇ ਮਿੱਠਾ ਬਣ ਕੇ ਉਨ੍ਹਾਂ ਤੋਂ ਸੀ ਡੀ ਲੈ ਲਈ।ਸਰਦਾਰ ਮੱਖਣ ਸਿੰਘ ਨੇ ਕਿਹਾ ਕਿ ਪ੍ਰੋਫੈਸਰ ਦਰਸ਼ਨ ਸਿੰਘ ਹਮੇਸ਼ਾ ਹੀ ਖੁਲ ਕੇ ਬੋਲਦੇ ਹਨ ਉਨ੍ਹਾਂ ਨੇ ਸਾਨੂੰ ਕੋਈ ਮਨਾਹੀ ਨਹੀਂ ਸੀ ਕੀਤੀ ਜਿਸ ਕਰਕੇ ਅਸੀਂ ਲਾਂਬੇ ਨੂੰ ਸੀ ਡੀ ਦੇ ਦਿੱਤੀ। ਮੱਖਣ ਸਿੰਘ ਦੀ ਅਵਾਜ ਵਿੱਚ ਦਰਦ ਮਹਿਸੂਸ ਕੀਤਾ ਜਾ ਸਕਦਾ ਸੀ ਜਦੋਂ ਉਨ੍ਹਾਂ ਨੇ ਕਿਹਾ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਵੀਡੀਉ ਨੂੰ ਕੱਟ ਵੱਡ ਕੇ ਦਿਖਾਇਆ ਗਿਆ।ਇਸ ਮੌਕੇ ਤੇ ਕਈ ਬੁਲਾਰਿਆਂ ਨੇ ਕਿਹਾ ਕਿ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਆਉਣ ਵਾਲੀਆਂ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਬਾਦਲ ਨੂੰ ਆਪਣੀ ਸੱਥਿਤੀ ਕਸਤੀ ਬਣਦੀ ਦੇਖ ਕੇ ਇਸ ਗੇੜ ਵਿੱਚ ਪਾਇਆ ਗਿਆ ਹੈ।ਕੱਝ ਕ ਲੋਕਾਂ ਦਾ ਵਿਚਾਰ ਹੈ ਕਿ

ਲਿਫਾਫਾ ਸਭਿਆਚਾਰ ਵੀ ਇਸ ਵਿੱਚ ਸ਼ਾਮਲ ਹੈ।ਕੁੱਝ ਕੁ ਦਾ ਮੰਨਣਾ ਹੈ ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਪ੍ਰੋਫੈਸਰ ਜੀ ਦੇ ਪ੍ਰੋਗ੍ਰਾਮਾਂ ਨੇ ਅਹਿਮ ਰੋਲ ਨਿਭਾਇਆ ਸੀ ਇਸ ਕਰਕੇ ਬਾਦਲ ਰਾਜਨੀਤੀ ਦੇ ਦਬਾਅ ਹੇਠ ਅਜੇਹਾ ਕੀਤਾ ਜਾ ਰਿਹਾ ਹੈ। ਅਖੀਰ ਵਿੱਚ ਸਰਦਾਰ ਟੈਹਲ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਸੰਗਤ ਨੂੰ ਅਪੀਲ ਕੀਤੀ ਕਿ ਪ੍ਰੋਫੈਸਰ ਦਰਸ਼ਨ ਸਿੰਘ ਦਾ ਪੂਰਾ ਸਾਥ ਦਿੱਤਾ ਜਾਵੇ ਅਤੇ ਜਿੰਨ੍ਹਾਂ ਲੋਕਾਂ ਨੇ ਗੁਰੂ ਸਾਹਿਬ ਬਦਨੀਤੀ ਨਾਲ ਸੰਗਤ ਨੂੰ ਗੁੰਮਰਾਹ ਕੀਤਾ ਹੈ ਉਹਨਾਂ ਨੂੰ ਸੰਗਤੀ ਰੂਪ ਵਿੱਚ ਗੱਲਤੀ ਮੰਨਣ ਅਤੇ ਅਕਾਲ ਤੱਖਤ ਸਾਹਿਬ ਤੇ ਤਲਬ ਕਰਵਾਉਣ ਲਈ ਪੁਰਜੋਰ ਕੋਸ਼ਿਸ਼ ਕਰਨ ਲਈ ਕਿਹਾ ਗਿਆ।ਸਾਰੀ ਸੰਗਤ ਨੇ ਗੁਰੂ ਘਰ ਵਿਖੇ ਲੰਗਰ ਛਕੇ ਅਤੇ ਚਾਹ ਪਾਣੀ ਦਾ ਅਨੰਦ ਮਾਣਿਆ।